EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

**Ref No: PUSA/GEN/2021/023** **Dated: 29-10-2021**

ਸੇਵਾ ਵਿਖੇ

ਮਾਨਯੋਗ ਅਮਰਿੰਦਰ ਸਿੰਘ (ਰਾਜਾ ਵੜਿੰਗ ਜੀ)

ਟਰਾਂਸਪੋਰਟ ਮੰਤਰੀ,

ਪੰਜਾਬ ਸਰਕਾਰ,

ਚੰਡੀਗੜ੍ਹ ।

**ਵਿਸ਼ਾ : ਸਕੂਲਾਂ ਦੇ ਬੱਚਿਆਂ ਦੀ ਢੋਆ ਢੁਆਈ ਵਿੱਚ ਲੱਗੀਆਂ ਸਕੂਲ ਵੈਨਾਂ/ ਬੱਸਾਂ ਦੇ ਟੈਕਸ ਵਿੱਚ ਛੋਟ ਦੇਣ ਬਾਰੇ ।**

ਸ਼੍ਰੀ ਮਾਨ ਜੀਓ,

ਆਪ ਜੀ ਵਲੋਂ ਪੰਜਾਬ ਵਿੱਚ ਟਰਾਂਸਪੋਰਟ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਚੁਕੇ ਕ੍ਰਾਂਤੀਕਾਰੀ ਕਦਮਾਂ ਤੋਂ ਸਾਡੀ ਐਸੋਸੀਏਸ਼ਨ ਬਹੁੱਤ ਪ੍ਰਭਾਵਿਤ ਹੈ | ਇਹੋ ਜਿਹੇ ਕਦਮ ਪੰਜਾਬ ਨੂੰ ਤਰੱਕੀਆਂ ਵੱਲ ਲੈ ਕੇ ਜਾਣਗੇ ਇਸ ਵਿੱਚ ਕੋਈ ਸੰਕਾ ਨਹੀਂ ਹੈ | ਸਾਡੀ ਜਥੇਬੰਦੀ ਵੀ ਆਪ ਵਲੋਂ ਅਰੰਭੇ ਕਾਰਜ ਵਿੱਚ ਹਰ ਸਮੇਂ ਜੋਗਦਾਨ ਪਾਉਣ ਲਈ ਤੱਤਪਰ ਹੋਵੇਗੀ ਜੀ | ਸਾਡੀ ਜਥੇਬੰਦੀ ਆਪ ਜੀ ਦੇ ਸਾਹਮਣੇ ਸਕੂਲਾਂ ਦੇ ਵੈਨ ਮਾਲਕਾਂ ਦੀਆਂ ਮੁਸ਼ਕਲਾਂ ਅਤੇ ਸੁਝਾਅ ਰੱਖਣਾ ਚਾਹੰਦੇ ਹਾਂ ਜੀ |

1. ਜੋ ਸਕੂਲ ਵੈਨਾਂ ਪੰਜਾਬ ਦੇ ਸ਼ਹਿਰਾਂ ਵਿੱਚ ਚਲ ਰਹੀਆਂ ਹਨ, ਉਹ ਪ੍ਰਾਈਵੇਟ ਜਾਂ ਸਕੂਲ ਦੀਆਂ ਨੇ, ਤਕਰੀਬਨ ਸਾਰੀਆਂ ਟੈਕਸ ਭਰਦੀਆਂ ਹਨ |
2. ਜੋ ਵੈਨਾਂ ਦੂਰ ਦੁਰਾਡੇ ਪਿੰਡਾਂ ਦੇ ਛੋਟੇ ਸਕੂਲਾਂ ਵਾਸਤੇ ਚਲ ਰਹੀਆਂ ਹਨ ਉਹ ਬਹੁਤ ਪੁਰਾਣੀਆਂ ਹਨ ਅਤੇ ਟੈਕਸ ਨਹੀਂ ਭਰਦੀਆਂ, ਕੋਈ ਕਾਗ਼ਜ਼ ਨਹੀਂ ਹੈ (ਪ੍ਰੰਤੂ ਉਹਨਾਂ ਦੀ ਵੀ ਮਜ਼ਬੂਰੀ ਹੈ) |
3. ਸਾਡੇ ਗੁਆਂਢੀ ਸੂਬਿਆਂ ਹਰਿਆਣਾ, ਰਾਜਸਥਾਨ, ਹਿਮਾਚਲ ਵਿਚ ਸਕੂਲੀ ਵੈਨਾਂ ਤੇ ਟੈਕਸ ਨਹੀਂ ਹੈ ਜੀ | ਉੱਤਰ ਪ੍ਰਦੇਸ਼ ਨੇ ਪਿਛਲੇ ਸਾਲ ਤੋਂ ਮਾਫ ਕੀਤਾ ਹੋਇਆ ਹੈ | ਗੁਜਰਾਤ ਵਿਚ ਇਹ ਟੈਕਸ 5000/- ਸਲਾਨਾ ਹੈ ਜੀ|
4. CBSE/ ICSE/PSEB ਸਕੂਲਾਂ ਵਾਸਤੇ ਸਕੂਲਾਂ ਕੋਲ ਆਪਣੀਆਂ ਬੱਸਾਂ 1 ਜਾਂ 2% ਹਨ ਬਾਕੀ ਪ੍ਰਾਈਵੇਟ , ਮਾਪਿਆਂ ਦੁਆਰਾ ਆਪਣੇ ਹਾਇਰ ਕੀਤੀਆਂ ਗਈਆਂ ਹਨ ਪਰ ਕਰੋਨਾ ਕਾਲ 'ਚ ਲੱਗਭੱਗ ਸਭ ਦਾ ਟੈਕਸ ਟੁੱਟ ਚੁੱਕਾ ਹੈ।
5. ਸਾਡੀ ਸੂਚਨਾ ਮੁਤਾਬਿਕ ਪੰਜਾਬ ਚ 150000 ਤੋਂ 165000 ਵੈਨ ਚਲਦੀ ਹੈ ਜਿਸ ਵਿੱਚੋ 15000 ਤੋਂ 18000 ਹੀ ਟੈਕਸ ਭਰਦੀ ਹੈ ਅਤੇ ਕਾਗ਼ਜ਼ ਪੂਰੇ ਹਨ। ਇਸਦਾ ਹੱਲ ਹੇਠ ਲਿਖਿਆ ਹੋ ਸਕਦਾ ਹੈ:

- ਕਿਉਂਕਿ ਸਕੂਲੀ ਵੈਨਾਂ ਸਾਲ ਵਿੱਚ 220 ਤੋਂ 240 ਦਿਨ ਹੀ ਚਲਦੀਆਂ ਹਨ ਜਦ ਕਿ ਰੂਟ ਵਾਲੀਆਂ ਬੱਸਾਂ 365 ਦਿਨ|
- ਸਕੂਲੀ ਵੈਨਾਂ ਰੋਜ਼ ਦੀਆਂ 20km ਤੋਂ 40-50km ਸਫ਼ਰ ਤੈਅ ਕਰਦੀਆਂ ਹਨ। ਜਦੋਂ ਕਿ ਰੂਟ ਵਾਲੀਆਂ ਬੱਸਾਂ 200 ਤੋਂ 500km ਦਾ | ਇਸ ਕਰਕੇ ਸਕੂਲੀ ਵੈਨਾਂ ਦੀ ਉਮਰ ਵਧਾਈ ਜਾਵੇ, 15 ਸਾਲ ਦੀ ਬਜਾਏ 25 ਸਾਲ ਕੀਤੀ ਜਾਵੇ |

EDUCATION IS A MOVEMENT FROM DARKNESS TO LIGHT
Private Unaided Schools' Association-CBSE/ICSE (Regd.)
(PUSA) Punjab
Regn. No. 217
(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

- ਸਕੂਲ ਵੈਨ ਉੱਪਰ ਮਜੂਦਾ ਸਾਲਾਨਾ ਟੈਕਸ 27500 ਜ਼ਿਆਦਾ ਹੋਣ ਕਾਰਨ ਟੈਕਸ ਦੀ ਚੋਰੀ ਹੁੰਦੀ ਹੈ, ਇਸ ਟੈਕਸ ਨੂੰ ਟੋਕਨ ਦੇ ਤੌਰ ਤੇ ਘਟਾ ਕੇ ਗੁਜਰਾਤ ਸਟੇਟ ਵਾਂਗੂ 5000/- ਪ੍ਰਤੀ ਸਾਲ ਕੀਤਾ ਜਾਵੇ|ਜੇਕਰ ਗੁਜਰਾਤ ਸਟੇਟ ਵਾਂਗੂ 5000 ਰੁ: ਸਾਲਾਨਾ ਕੀਤਾ ਜਾਂਦਾ ਹੈ ਤਾਂ ਸਾਰੀਆਂ ਵੈਨਾਂ ਹੀ ਟੈਕਸ ਭਰਨ ਗਈਆਂ ਜਿਸ ਨਾਲ ਸਰਕਾਰ ਦੇ ਮਾਲੀਏ ਵਿੱਚ ਬਹੁਤ ਵਾਧਾ ਹੋਵੇਗਾ| ਉਦਾਹਰਣ ਦੇ ਤੌਰ ਤੇ ਹੁਣ ਆ ਰਹੇ ਟੈਕਸ ਅਤੇ ਨਵੇਂ ਸੰਭਾਵਤ ਟੈਕਸ ਦਾ ਵੇਰਵਾ ਇਸ ਤਰ੍ਹਾਂ ਹੈ |

  15000 × 27500 ਰੁ: = 41 .25 ਕਰੋੜ

  ਪ੍ਰਸਤਾਵਿਤ ਟੈਕਸ = 150000 × 5000 ਰੁ: = 75 ਕਰੋੜ

- ਪਾਸਿੰਗ ਫੀਸ 1000/- ਹੈ ਜੋ ਘਟਾ ਕੇ 300/- ਕੀਤੀ ਜਾਵੇ ਤਾਂ ਕਿ ਸਾਰੇ ਪਾਸਿੰਗ ਵੀ ਕਰਵਾਉਣ ਅਤੇ ਰਿਸ਼ਵਤ ਖੋਰੀ ਵੀ ਬੰਦ ਹੋਵੇ | ਇਸ ਨਾਲ ਸਾਰੀਆਂ ਗੱਡੀਆਂ ਇੱਕ ਨੰਬਰ 'ਚ ਹੋਣਗੀਆਂ ਅਤੇ ਪਾਸਿੰਗ, ਬੀਮਾ ਵੀ ਕਰਵਾਉਣਗੀਆਂ ਜਿਸ ਦੇ GST ਦਾ ਲਾਭ ਪੰਜਾਬ ਨੂੰ ਹੋਵੇਗਾ, ਇਸ ਨਾਲ ਐਕਸੀਡੈਂਟ ਘਟਣਗੇ, ਬੱਚਿਆਂ ਦੀ ਸੁਰੱਖਿਆ ਵਧੇਗੀ ਤੇ ਸਭ ਤੋਂ ਵੱਡੀ ਗੱਲ ਢੋਆ-ਢੁਆਈ ਦਾ ਰੇਟ ਵੀ ਘੱਟ ਹੋਵੇਗਾ | ਇਹ ਇੱਕ ਇਤਿਹਾਸਿਕ ਕਦਮ ਹੋਵੇਗਾ ਜੀ |

  ਪਾਸਿੰਗ ਤੋਂ ਹੁਣ ਆਮਦਨ 1000 x 15000 = 1 ਕਰੋੜ 50 ਲੱਖ

  ਪ੍ਰਸਤਾਵਿਤ ਆਮਦਨ 300 x 150000 = 4 ਕਰੋੜ 50 ਲੱਖ

- ਪਾਸਿੰਗ ਦੀਆਂ ਸ਼ਰਤਾਂ ਨੂੰ ਸਿਰਫ ਵੈਨਾਂ ਖਾਤਿਰ ਨਰਮ ਕੀਤਾ ਜਾਵੇ ਤਾਂ ਕਿ ਰਿਸ਼ਵਤ ਖੋਰੀ ਨੂੰ ਨੱਥ ਪਾਈ ਜਾ ਸਕੇ |
- ਸਾਡੀ ਇਹ ਵੀ ਬੇਨਤੀ ਹੈ ਕਿ ਜੋ ਵੈਨਾਂ ਟੈਕਸ ਵਜੋਂ ਟੁੱਟ ਚੁਕੀਆਂ ਹਨ ਓਹਨਾ ਨੂੰ ਮੁਖ ਧਾਰਾ ਵਿਚ ਲਿਆਉਣ ਲਈ ਬਿਨਾਂ ਸ਼ਰਤ ਯੱਕਮੁਸ਼ਤ ਟੈਕਸ 10000/- ਰੁਪਏ ਬਿਨਾਂ ਕਿਸੇ ਪੈਨਲਟੀ ਆਦਿ ਤੋਂ ਭਰਵਾ ਕੇ ਮੁਖ ਧਾਰਾ ਵਿਚ ਲਿਆਂਦਾ ਜਾਵੇ ਜੀ | ਇਸ ਨੂੰ ਟਾਈਮ ਬਾਊਂਡ (ਸਮਾਂ ਬੱਧ) ਕੀਤਾ ਜਾਵੇ ਤਾਂ ਕਿ ਸਭ ਇਸ ਦਾ ਲਾਭ ਉਠਾ ਸਕਣ ਤੇ ਮੁਖ ਧਾਰਾ ਵਿਚ ਆ ਸਕਣ |

ਉਮੀਦ ਕਰਦੇ ਹਾਂ ਕਿ ਆਪ ਜੀ ਪੰਜਾਬ ਵਿੱਚ ਵਿੱਦਿਆ ਦੇ ਪ੍ਰੋਤਸਾਹਨ ਖਾਤਰ ਇਹ ਕਦਮ ਜਰੂਰ ਚੁੱਕੋਗੇ ਜੀ , ਅਤੇ ਬੱਚਿਆਂ ਵਾਸਤੇ ਇਹ ਟੈਕਸ ਛੋਟ ਜਰੂਰ ਦਿਤੀ ਜਾਵੇਗੀ ਜੋ ਕਿ ਆਪ ਦੁਆਰਾ ਲਿਆ ਗਿਆ ਇੱਕ ਇਤਿਹਾਸਿਕ ਫੈਸ਼ਲਾ ਹੋਵੇਗਾ ਜੀ। ਸਾਡੀ ਸਕੂਲਾਂ ਅਤੇ ਵਿਦਿਆਰਥੀ ਹਿਤੈਸ਼ੀ ਐਸੋਸੀਏਸ਼ਨ ਆਪ ਜੀ ਦੀ ਅਭਾਰੀ ਰਹੇਗੀ। ਆਪ ਜੀ ਦੇ ਹਾਂ ਪੱਖੀ ਹੁੰਘਾਰੇ ਦੀ ਆਸ ਵਿੱਚ।

ਆਪ ਜੀ ਦੇ ਸੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ. ਸਕੱਤਰ ਪੂਸਾ ਪੰਜਾਬ